**BUDHA DAL PUBLIC SCHOOL PATIALA**
**First Term Examination (8 September 2023)**
**Class - XI (Humanities)**
**Paper - Punjabi (Set-A)**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (1×5=5)

ਮੰਗਲ ਗ੍ਰਹਿ ਦੇ ਬਾਰੇ ਪਿਛਲੀਆਂ ਤਿੰਨ ਸਦੀਆਂ ਤੋਂ ਖੋਜ-ਪੜਤਾਲ ਹੁੰਦੀ ਰਹੀ ਹੈ। ਪਿਛਲੇ ਤਿੰਨ ਦਹਾਕਿਆਂ ਵਿੱਚ ਤਾਂ ਅਨੰਤ ਪੁਲਾੜ ਦੀਆਂ ਗਹਿਰਾਈਆਂ ਨੂੰ ਤੈਅ ਕਰਨ ਲਈ ਵੱਡੇ-ਵੱਡੇ ਰਾਸ਼ਟਰਾਂ ਵਿੱਚ ਦੌੜ ਜਿਹੀ ਲੱਗ ਗਈ ਹੈ। ਪਰ ਇਸ ਤੋਂ ਪਹਿਲਾਂ ਵੀ ਖ਼ਗੋਲ-ਸ਼ਾਸਤਰੀਆਂ ਨੇ ਆਪਣੀਆਂ ਦੂਰਬੀਨਾਂ ਨਾਲ ਸੌਰ ਮੰਡਲ ਦੇ ਗ੍ਰਹਿਆਂ-ਨਛੱਤਰਾਂ ਦੀ ਹਲਚਲ ਉੱਤੇ ਨਜ਼ਰ ਰੱਖੀ ਹੋਈ ਸੀ। ਅਜਿਹੇ ਹੀ ਇਟਲੀ ਦੇ ਇੱਕ ਖਗੋਲ ਸ਼ਾਸਤਰੀ ਗਿਊਵਾਨਨੀ ਸ਼ਿਆਪੋਰੇਲੀ ਨੇ, ਸੰਨ 1877 ਵਿੱਚ ਜਦੋਂ ਪਹਿਲੀ ਵਾਰ ਮੰਗਲ ਗ੍ਰਹਿ ਉੱਤੇ ਨਹਿਰਾਂ ਦੀ ਗਿਣਤੀ ਵਧਦੀ ਦੇਖੀ। ਫਿਰ ਵਧੇਰੇ ਅਧਿਐਨ ਕੀਤਾ ਗਿਆ ਤਾਂ ਇਨ੍ਹਾਂ ਨਹਿਰਾਂ ਦੀ ਗਿਣਤੀ ਵਧਦੀ ਗਈ। ਤਾਂ ਉਸ ਨੇ ਗ੍ਰਹਿਆਂ ਉੱਤੇ ਉੱਨਤ ਸੱਭਿਅਤਾ ਦੀ ਹੋਂਦ ਦਾ ਐਲਾਨ ਕਰ ਦਿੱਤਾ। ਕੁਝ ਵਿਗਿਆਨੀਆਂ ਨੂੰ ਇਹ ਵਿਸ਼ਵਾਸ ਸੀ ਕਿ ਆਦਿ ਕਾਲ ਵਿੱਚ ਮੰਗਲ ਗ੍ਰਹਿ ਉੱਤੇ ਇੱਕ ਉੱਨਤ ਸੱਭਿਅਤਾ ਮੌਜੂਦ ਸੀ, ਜਿਸ ਨੇ ਮੰਗਲ ਉੱਤੇ ਵਰਖਾ ਬਿਲਕੁਲ ਨਾ ਹੋਣ ਕਾਰਨ ਧਰੁਵੀ ਖੇਤਰਾਂ ਤੋਂ ਪਾਣੀ ਲਿਆਉਣ ਲਈ ਇਨ੍ਹਾਂ ਵਿਸ਼ਾਲ ਨਹਿਰਾਂ ਦਾ ਨਿਰਮਾਣ ਕੀਤਾ ਸੀ। ਪਰ ਵਿਗਿਆਨਕ ਪ੍ਰੀਖਸ਼ਣਾਂ ਦੁਆਰਾ ਇਹ ਵਿਸ਼ਵਾਸ਼ ਬਿਲਕੁਲ ਅਧਾਰਹੀਣ ਸਾਬਤ ਹੋ ਗਿਆ ਹੈ। ਇਹ ਵੀ ਪਤਾ ਚੱਲ ਗਿਆ ਹੈ ਕਿ ਮੰਗਲ ਗ੍ਰਹਿ ਉੱਤੇ ਨਹਿਰਾਂ ਦੀ ਕੋਈ ਹੋਂਦ ਨਹੀਂ ਹੈ।

ੳ) ਮੰਗਲ ਗ੍ਰਹਿ ਬਾਰੇ ਕਦੋਂ ਤੋਂ ਖੋਜ-ਪੜਤਾਲ ਹੋ ਰਹੀ ਹੈ?
ਅ) ਮੰਗਲ ਗ੍ਰਹਿ ਉੱਤੇ ਨਹਿਰਾਂ ਹੋਣ ਦਾ ਐਲਾਨ ਕਿਸ ਵਿਗਿਆਨੀ ਨੇ ਕੀਤਾ ਸੀ?
ੲ) ਵਿਗਿਆਨਕ ਖੋਜ ਅਤੇ ਪ੍ਰੀਖਸ਼ਣਾਂ ਤੋਂ ਕੀ ਪਤਾ ਲੱਗਾ ਹੈ?
ਸ) 'ਅਨੰਤ' ਅਤੇ 'ਪ੍ਰੀਖਸ਼ਣ' ਸ਼ਬਦਾਂ ਦੇ ਅਰਥ ਲਿਖੋ।
ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

ਪ੍ਰ2. ਤੁਹਾਡੇ ਪਿੰਡ ਜਾਂ ਸ਼ਹਿਰ ਵਿੱਚ ਇੱਕ ਸਾਦਾ ਅਤੇ ਘੱਟ ਖਰਚੇ ਵਾਲਾ ਵਿਆਹ ਹੋਇਆ ਹੈ। ਤੁਸੀਂ ਇਸ ਘਟਨਾ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਦੱਸਣਾ ਚਾਹੁੰਦੇ ਹੋ। ਇਸ ਮੰਤਵ ਲਈ ਕਿਸੇ ਅਖ਼ਬਾਰ ਦੇ ਸੰਪਾਦਕ ਦੇ ਨਾਂ ਇਸ ਘਟਨਾ ਦੀ ਰਿਪੋਰਟ ਲਿਖੋ। (8)

ਜਾਂ

ਨਕਲੀ ਦਵਾਈਆਂ ਦੇ ਖ਼ਤਰੇ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇੱਕ ਚਿੱਠੀ ਲਿਖੋ।

A-1

Scanned by Scanner Go

ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਸ਼ਬਦਾਂ ਦਾ ਇੱਕ ਪੈਰਾ ਲਿਖੋ: (10)

ਵਕਤ ਦੀ ਪਾਬੰਦੀ **ਜਾਂ** ਸਮਾਜਿਕ ਬੁਰਾਈਆਂ

ਪ੍ਰ4. ਕਿਸੇ ਚਾਰ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ: (6)

Assistant, Basic Pay, Confidential, Damage, Eligibility, In time, Resignation, Office order

ਪ੍ਰ5. ਕਿਸੇ ਪੰਜ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ: (2×4=8)

ੳ) It's better to have a joint account in the bank.

ਅ) Passengers travelling without ticket will be charged 10 times.

ੲ) Write pin-code in address.

ਸ) Use block letters for filling in the money order form.

ਹ) In case of emergency pull chain.

ਕ) Please use separate slips for cheques in this bank.

ਪ੍ਰ6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਛੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:

ਚੱਟਮ ਕਰ ਜਾਣਾ, ਘਿਓ ਸ਼ੱਕਰ ਹੋਣਾ, ਖੰਭ ਲਾ ਕੇ ਉੱਡ ਜਾਣਾ, ਕਿਤਾਬੀ ਕੀੜਾ ਹੋਣਾ, ਹੱਥ ਉੱਤੇ ਹੱਥ ਧਰ ਕੇ ਬਹਿਣਾ, ਅੱਖਾਂ ਉੱਤੇ ਬਿਠਾਉਣਾ, ਉੱਧੜ-ਧੁੰਮੀ ਮਚਾਉਣਾ, ਗੱਚ ਹੋਣਾ (6)

ਪ੍ਰ7. ਅਖ਼ਬਾਰ ਵਿੱਚ ਲੜਕੇ ਵਾਸਤੇ ਕੰਨਿਆ ਲੱਭਣ ਲਈ ਇਸ਼ਤਿਹਾਰ ਲਿਖੋ। (8)

**ਜਾਂ**

ਤੁਹਾਡੇ ਸਕੂਲ ਦੇ ਪ੍ਰਿੰਸੀਪਲ ਸਾਹਿਬਾਨ ਇੱਕ ਮਾਪੇ-ਅਧਿਆਪਕ ਮਿਲਣੀ ਕਰਵਾ ਰਹੇ ਹਨ, ਇਸ ਲਈ ਇੱਕ ਸੱਦਾ-ਪੱਤਰ ਲਿਖੋ।

ਪ੍ਰ8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ: (ਕੋਈ ਨੌਂ) (1×9=9)

ੳ) ਕੁੜੀ ਆਪਣੇ ਸਹੁਰੇ ਘਰ ਵਿੱਚ ਕਿੰਨੀਆਂ ਬੂਰੀਆਂ ਝੋਟੀਆਂ ਚਾਹੁੰਦੀ ਹੈ?

ਅ) ਬੇਟੀ ਬਾਬਲ ਨੂੰ ਕਿਹੜੇ ਮਹੀਨੇ ਵਿੱਚ ਵਿਆਹ ਕਰਨ ਲਈ ਕਹਿੰਦੀ ਹੈ?

ੲ) ਧੀ ਦੇ ਜਾਣ ਮਗਰੋਂ ਬਾਬਲ ਦੇ ਮਹਿਲਾਂ ਵਿੱਚ ਕੌਣ ਗੁੱਡੀਆਂ ਖੇਡੇਗਾ?

ਸ) ਸਿੱਠਣੀਆਂ ਕਿੰਨ੍ਹਾਂ ਵੱਲੋਂ ਗਾਈਆਂ ਜਾਂਦੀਆਂ ਹਨ?

ਹ) ਸਿੱਠਣੀਆਂ ਵਿੱਚ ਕਿਸ ਕੰਮ ਲਈ ਪਿੰਡ ਵਾਸੀਆਂ ਨੂੰ ਪੈਸਾ-ਪੈਸਾ ਪਾਉਣ ਲਈ ਕਿਹਾ ਗਿਆ ਹੈ?

A-2

Scanned by Scanner Go

ਕ) ਹੇਠ ਲਿਖੀ ਬੁਝਾਰਤ ਬੁੱਝੋ:

ਨਿੱਕੀ ਜਿਹੀ ਕੁੜੀ ਲੈ ਪਰਾਂਦਾ ਤੁਰੀ।

ਖ) ਮਨੁੱਖ ਆਪਣੇ ਜੀਵਨ ਦੀਆਂ ਗੁੰਝਲਾਂ ਨੂੰ ਕਿਸ ਤਰ੍ਹਾਂ ਖੋਲ੍ਹਣ ਦੇ ਸਮਰੱਥ ਹੁੰਦਾ ਹੈ?

ਗ) ਪੂਰਨ ਨੂੰ ਕਿਹੜੀ ਰਾਣੀ ਗੋਰਖ ਨਾਥ ਕੋਲੋਂ ਲੈ ਗਈ?

ਘ) ਰਸਾਲੂ ਨੇ ਚੌਪੜ ਵਿੱਚ ਕਿਸਨੂੰ ਹਰਾਇਆ?

ਙ) ਸ਼ਹਿਜ਼ਾਦਾ ਸਲੀਮ ਕਿਸ ਤੋਂ ਬਾਗ਼ੀ ਹੋ ਗਿਆ?

ਚ) ਸਿੱਠਣੀ ਵਿੱਚ ਲਾਡਲੀ ਬੀਬੀ (ਵਿਆਂਹਦੜ ਕੁੜੀ) ਰੋਟੀ ਪਿੱਛੋਂ ਕੀ ਮੰਗਦੀ ਹੈ?

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** (2×4=8)

ੳ) 'ਦੇਈਂ ਦੇਈਂ ਵੇ ਬਾਬਲਾ' ਸੁਹਾਗ ਵਿੱਚ ਕੁੜੀ ਦੀ ਇੱਕ ਖੁਸ਼ਹਾਲ ਘਰ ਬਾਰੇ ਕੀ ਕਲਪਨਾ ਹੈ?

ਅ) ਸਿੱਠਣੀਆਂ ਵਿੱਚ ਖਾਣ-ਪੀਣ ਸੰਬੰਧੀ ਕੀ ਮਖੌਲ ਕੀਤਾ ਹੁੰਦਾ ਹੈ? ਅਜਿਹੀ ਕਿਸੇ ਇੱਕ ਸਿੱਠਣੀ ਦੀ ਉਦਾਹਰਨ ਦਿਓ।

ੲ) 'ਨਿਵੇਂ ਪਹਾੜਾਂ ਤੇ ਪਰਬਤ' ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਉਸ ਦੇ ਪੇਕੇ ਪਰਿਵਾਰ ਵਾਲਿਆਂ ਦੇ ਲੋਕ ਕਿਉਂ ਨਿਓਂਦੇ ਵਿਖਾਏ ਗਏ ਹਨ?

ਸ) ਬੁਝਾਰਤਾਂ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ?

ਹ) ਰਾਜਾ ਸਲਵਾਨ ਨੇ ਆਪਣੇ ਪੁੱਤਰ ਪੂਰਨ ਨੂੰ ਭੋਰੇ ਵਿੱਚ ਰੱਖਣ ਦਾ ਹੁਕਮ ਕਿਉਂ ਦਿੱਤਾ?

ਕ) ਬਾਸ਼ਕ ਨਾਗ ਰਾਜਾ ਰਸਾਲੂ ਦਾ ਮਿੱਤਰ ਕਿਵੇਂ ਬਣ ਗਿਆ?

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ:** (3×4=12)

ੳ) 'ਰਾਜਾ ਰਸਾਲੂ' ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਅ) 'ਸੁੰਦਰਾਂ ਕੌਣ ਸੀ?' ਉਸ ਦਾ ਪੂਰਨ ਨਾਲ ਸੰਪਰਕ ਕਿਵੇਂ ਹੋਇਆ?

ੲ) 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ ਅਤੇ ਕਿਉਂ?

ਸ) ਸਿੱਠਣੀਆਂ ਵਿੱਚ ਹਾਸੇ-ਮਜ਼ਾਕ ਲਈ ਕਿਹੜੇ-ਕਿਹੜੇ ਵਿਸ਼ੇ ਚੁਣੇ ਜਾਂਦੇ ਹਨ?

ਹ) 'ਦੁੱਲੇ ਦੇ ਬਾਗ਼ੀ ਤਬੀਅਤ ਹੋਣ ਵਿੱਚ ਕਿਹੜੀਆਂ ਘਟਨਾਵਾਂ ਦਾ ਹੱਥ ਸੀ?

ਕ) ਪੂਰਨ ਗੋਰਖ ਨਾਥ ਦੇ ਸੰਪਰਕ ਵਿੱਚ ਕਿਵੇਂ ਆਇਆ?



Scanned by Scanner Go

**BUDHA DAL PUBLIC SCHOOL PATIALA**
**First Term Examination (8 September 2023)**
**Class - XI (Humanities)**
**Paper - Punjabi (Set-B)**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (1×5=5)

ਪੰਜਾਬੀ ਭਾਸ਼ਾ ਲਈ ਭਾਰਤੀ ਪੰਜਾਬ ਵਿੱਚ ਗੁਰਮੁਖੀ ਲਿਪੀ ਵਰਤੀ ਜਾਂਦੀ ਹੈ ਅਤੇ ਇਹ ਸਰਕਾਰ, ਸਿੱਖਿਆ, ਗ੍ਰੰਥਾਂ ਅਤੇ ਭਾਰਤੀ ਪੰਜਾਬ ਦੇ ਆਮ ਲੋਕਾਂ ਦੀ ਲਿਪੀ ਹੈ। ਪਾਕਿਸਤਾਨੀ ਪੰਜਾਬੀਆਂ ਦੀ ਲਿਪੀ ਸ਼ਾਹਮੁਖੀ (ਫ਼ਾਰਸੀ-ਉਰਦੂ) ਹੈ। ਪੰਜਾਬ ਤੋਂ ਬਾਹਰ ਪੜ੍ਹੇ ਕੁਝ ਲੋਕ ਪੰਜਾਬੀ ਨੂੰ ਲਿਖਣ ਲਈ ਦੇਵਨਾਗਰੀ ਦੀ ਵਰਤੋਂ ਵੀ ਕਰਦੇ ਹਨ। ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹੇ ਕੰਪਿਊਟਰ ਜਾਣਦੇ, ਖਾਸ ਕਰਕੇ ਜਿਨ੍ਹਾਂ ਨੇ ਪਹਿਲਾਂ ਅੰਗਰੇਜ਼ੀ ਟਾਈਪ ਕਰਨੀ ਸਿੱਖੀ ਹੈ ਅਤੇ ਕਾਫ਼ੀ ਵਿਦੇਸ਼ ਵਸਦੇ ਸੱਜਣ ਅਕਸਰ ਰੋਮਨ ਅੱਖਰਾਂ ਵਿੱਚ ਪੰਜਾਬੀ ਲਿਖਦੇ ਹਨ। ਸੋਸ਼ਲ ਮੀਡੀਆ (ਫੇਸ ਬੁੱਕ ਅਤੇ ਵਾਟਸ ਐੱਪ) ਉਪਰ ਵੀ ਕਈ ਲੋਕ ਰੋਮਨ ਲਿਪੀ ਵਰਤ ਲੈਂਦੇ ਹਨ। ਲਿਪੀਆਂ ਦੀ ਘੜਮੱਸ ਪੰਜਾਬੀ ਭਾਸ਼ਾ ਦੇ ਡਿਜੀਟਲ ਵਿਕਾਸ ਵਿੱਚ ਰੋਕ ਹੈ। ਭਾਰਤੀ ਪੰਜਾਬ ਦੀ ਬਹੁਗਿਣਤੀ ਨੇ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਸਿੱਖੀ ਹੋਈ ਹੈ। ਲੋਕਤੰਤਰੀ ਪੱਖ ਤੋਂ ਗੁਰਮੁਖੀ ਲਿਪੀ ਹੀ ਵਰਤਣੀ ਜਾਇਜ਼ ਹੈ। ਸਰਕਾਰੀ ਕੰਮਕਾਰ ਅਤੇ ਸਿੱਖਿਆ ਦੇ ਮਾਧਿਅਮ ਲਈ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਹੀ ਪਰਵਾਨਤ ਲਿਪੀ ਹੈ।

ੳ) ਗੁਰਮੁਖੀ ਲਿਪੀ ਦੀ ਵਰਤੋਂ ਕਿਸ ਭਾਸ਼ਾ ਲਈ ਕੀਤੀ ਜਾਂਦੀ ਹੈ?
ਅ) ਪਾਕਿਸਤਾਨੀ ਪੰਜਾਬੀਆਂ ਦੀ ਲਿਪੀ ਕਿਹੜੀ ਹੈ?
ੲ) ਪੰਜਾਬ ਤੋਂ ਬਾਹਰ ਪੜ੍ਹੇ ਲੋਕ ਪੰਜਾਬੀ ਨੂੰ ਲਿਖਣ ਲਈ ਕਿਸ ਲਿਪੀ ਦੀ ਵਰਤੋਂ ਕਰਦੇ ਹਨ?
ਸ) ਪੰਜਾਬੀ ਭਾਸ਼ਾ ਦੇ ਡਿਜੀਟਲ ਵਿਕਾਸ ਵਿੱਚ ਕਿਸ ਚੀਜ਼ ਦੀ ਰੋਕ ਹੈ?
ਹ) ਸਰਕਾਰੀ ਕੰਮਕਾਜ ਲਈ ਕਿਹੜੀ ਲਿਪੀ ਪਰਵਾਨਤ ਹੈ?

ਪ੍ਰ2. ਆਪਣੇ ਇਲਾਕੇ ਵਿੱਚ ਹੜ੍ਹਾਂ ਵਿੱਚ ਹੋਏ ਨੁਕਸਾਨ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ। (8)

**ਜਾਂ**

ਇੰਟਰਨੈੱਟ ਉੱਤੇ ਹੁੰਦੀਆਂ ਠੱਗੀਆਂ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਸ਼ਬਦਾਂ ਦਾ ਇੱਕ ਪੈਰਾ ਲਿਖੋ:** (10)

ਭਰੂਣ ਹੱਤਿਆ **ਜਾਂ** ਮੋਬਾਈਲ ਦੀ ਵਰਤੋਂ ਜਾਂ ਦੁਰਵਰਤੋਂ ?

B-1

Scanned by Scanner Go

ਪ੍ਰ4. ਕਿਸੇ ਚਾਰ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ: (6)

Application, Balance, Cashier, Daily wage, Evaluation, Head Office, Instructions, Promotion

ਪ੍ਰ5. ਕਿਸੇ ਪੰਜ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ: (2×4=8)

ੳ) Please count the cheques contained here in before use.

ਅ) Railway is a public property, help to maintain it.

ੲ) No enclosure allowed in the Inland letter.

ਸ) Post-office saving bank is a useful scheme for salaried persons.

ਹ) The ticket office remains open day and night.

ਕ) Always keep your passbook and cheque book under proper custody.

ਪ੍ਰ6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਛੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:

ਊਠ ਦੇ ਮੂੰਹ ਵਿੱਚ ਜ਼ੀਰਾ ਦੇਣਾ, ਅਸਮਾਨ ਨੂੰ ਟਾਕੀਆਂ ਲਾਉਣੀਆਂ, ਇੱਲ ਦਾ ਨਾਂ ਕੋਕੋ ਵੀ ਨਾ ਆਉਣਾ, ਸਿਰ ਖੁਰਕਣ ਦੀ ਵਿਹਲ ਨਾ ਹੋਣਾ, ਹੱਥ ਵਟਾਉਣਾ, ਕਲਮ ਦੇ ਧਨੀ ਹੋਣਾ, ਖ਼ੂਨ ਸਫ਼ੈਦ ਹੋਣਾ, ਗੱਚ ਹੋਣਾ। (6)

ਪ੍ਰ7. ਅਖ਼ਬਾਰ ਵਿੱਚ ਲੜਕੀ ਵਾਸਤੇ ਵਰ ਲੱਭਣ ਲਈ ਇਸ਼ਤਿਹਾਰ ਲਿਖੋ। (8)

**ਜਾਂ**

ਤੁਹਾਡੇ ਸਕੂਲ ਵੱਲੋਂ ਸਾਲਾਨਾ ਸਮਾਗਮ ਕਰਵਾਇਆ ਜਾ ਰਿਹਾ ਹੈ ਇਸਦੀ ਸੂਚਨਾ ਮਾਪਿਆਂ ਨੂੰ ਦੇਣ ਲਈ ਸੱਦਾ-ਪੱਤਰ ਲਿਖੋ।

ਪ੍ਰ8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ: (ਕੋਈ ਨੌਂ) (1×9=9)

ੳ) ਬੁਝਾਰਤਾਂ ਨੂੰ ਬੁੱਝਣ ਅਤੇ ਪੁੱਛਣ ਦਾ ਸਮਾਂ ਕਿਹੜਾ ਹੁੰਦਾ ਹੈ?

ਅ) ਬੁਝਾਰਤਾਂ ਵਿੱਚ ਮੋਤੀਆਂ ਭਰਿਆ ਥਾਲ ਕਿਸਨੂੰ ਕਿਹਾ ਗਿਆ ਹੈ?

ੲ) 'ਬੇਟੀ ਚੰਨਣ ਦੇ ਓਹਲੇ' ਸੁਹਾਗ ਵਿੱਚ ਬੇਟੀ ਨੂੰ ਕਿਸ ਵਰਗਾ ਵਰ ਚਾਹੀਦਾ ਹੈ?

ਸ) 'ਹਰੀਏ ਨੀ ਰਸ ਭਰੀਏ ਖਜੂਰੇ' ਸੁਹਾਗ ਵਿੱਚ 'ਹਰੀਏ ਨੀ ਰਸ ਭਰੀਏ ਖਜੂਰੇ' ਕਿਸਨੂੰ ਕਿਹਾ ਗਿਆ ਹੈ?

ਹ) 'ਚਿੜੀਆਂ ਦਾ ਚੰਬਾ ਸੁਹਾਗ' ਵਿੱਚ ਧੀ ਅਨੁਸਾਰ ਡੋਲਾ ਕਿੱਥੋਂ ਨਹੀਂ ਲੰਘਣਾ?

ਕ) 'ਸਿੱਠਣੀਆਂ' ਵਿੱਚ ਜਾਂਞੀਆਂ ਦੇ ਮੂੰਹ ਕਿਹੋ ਜਿਹੇ ਦੱਸੇ ਗਏ ਹਨ?

ਖ) 'ਸਿੱਠਣੀਆਂ' ਵਿੱਚ ਜਾਂਞੀਆਂ ਦੇ ਢਿੱਡਾਂ ਨੂੰ ਕੀ ਕਿਹਾ ਗਿਆ ਹੈ?

ਗ) ਹੇਠ ਲਿਖੀ ਬੁਝਾਰਤ ਦਾ ਉੱਤਰ ਲਿਖੋ :

'ਡੱਬ-ਖੜੱਬੀ ਬੱਕਰੀ, ਡੱਬੀ ਉਹਦੀ ਛਾਂ, ਚੱਲ ਮੇਰੀ ਬੱਕਰੀ, ਕੱਲ੍ਹ ਵਾਲੀ ਥਾਂ।



Scanned by Scanner Go

ਘ) ਪੂਰਨ ਭਗਤ ਦੀ ਮਤਰੇਈ ਮਾਂ ਦਾ ਨਾਂ ਕੀ ਸੀ?

ਙ) ਦੁੱਲਾ ਕਿਸ ਦੇ ਕਤਲ ਦਾ ਬਦਲਾ ਲੈਣਾ ਚਾਹੁੰਦਾ ਸੀ?

ਚ) ਬਚਪਨ ਤੋਂ ਰਾਜੇ ਰਸਾਲੂ ਦੇ ਕੌਣ-ਕੌਣ ਸਾਥੀ ਬਣੇ?

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** (2×4=8)

ੳ) ਸਿੱਠਣੀਆਂ ਕਿਹੜੇ ਮੌਕੇ ਉੱਤੇ ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?

ਅ) 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ 'ਭਾਬੋ ਦੇ ਮਨ ਵਿੱਚ ਚਾਅ' ਕਿਉਂ ਹੈ?

ੲ) 'ਦੇਈਂ ਦੇਈਂ ਵੇ ਬਾਬਲਾ' ਨਾਂ ਦੇ ਸੁਹਾਗ ਵਿੱਚ ਇੱਕ ਕੁੜੀ ਕਿਹੋ-ਜਿਹਾ ਸੱਸ-ਸਹੁਰਾ ਚਾਹੁੰਦੀ ਹੈ?

ਸ) ਹੇਠ ਲਿਖੀ ਬੁਝਾਰਤ ਨੂੰ ਪੂਰਾ ਕਰੋ:

ਇੱਕ ਜਾਨਵਰ ਐਸਾ, ................।

ਨਿੱਕੀ ਜਿਹੀ ਕੌਲੀ ...................।

ਹ) ਰਾਜਾ ਸਲਵਾਨ ਨੇ ਰਸਾਲੂ ਨੂੰ ਦੇਸ - ਨਿਕਾਲਾ ਕਿਉਂ ਦਿੱਤਾ?

ਕ) ਦੁੱਲਾ ਲੋਕਾਂ ਵਿੱਚ ਹਰਮਨ ਪਿਆਰਾ ਕਿਵੇਂ ਹੋ ਗਿਆ?

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ:** (3×4=12)

ੳ) 'ਪੂਰਨ ਭਗਤ' ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਅ) ਪੂਰਨ ਭਗਤ ਅਤੇ ਰਾਜਾ ਰਸਾਲੂ ਵਿੱਚ ਕਿਹੜੇ - ਕਿਹੜੇ ਸਮਾਨ ਅਤੇ ਕਿਹੜੇ - ਕਿਹੜੇ ਵੱਖਰੇ ਗੁਣ ਸਨ?

ੲ) 'ਅੱਸੂ ਦਾ ਕਾਜ ਰਚਾ' ਸੁਹਾਗ ਵਿੱਚ ਅੱਸੂ ਮਹੀਨੇ 'ਤੇ ਜ਼ੋਰ ਕਿਉਂ ਦਿੱਤਾ ਗਿਆ ਹੈ। ਵਿਸਥਾਰ ਨਾਲ ਦੱਸੋ।

ਸ) 'ਦੁੱਲਾ ਭੱਟੀ' ਦੰਤ - ਕਥਾ ਦਾ ਸਾਰ ਲਿਖੋ।

ਹ) ਲੂਣਾ ਨੇ ਪੂਰਨ ਉੱਤੇ ਝੂਠੀ ਤੁਹਮਤ ਕਿਉਂ ਲਾਈ? ਰਾਜਾ ਸਲਵਾਨ ਨੇ ਪੂਰਨ ਨੂੰ ਕੀ ਸਜ਼ਾ ਦਿੱਤੀ?

ਕ) ਰਸਾਲੂ ਨੇ ਸਰੂਪਾਂ ਦੇ ਵਿਆਹ ਦੀ ਸ਼ਰਤ ਜਿੱਤ ਕੇ ਵੀ ਉਸ ਨਾਲ ਵਿਆਹ ਨਾ ਕੀਤਾ। ਕਿਉਂ?



Scanned by Scanner Go